# ਦਫਤਰ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ,

**(ਪੁੱਡਾ ਭਵਨ, ਸੈਕਟਰ 62, ਐਸ.ਏ.ਐਸ. ਨਗਰ)**

**<u>ਮੁਸਤਰੀ ਮੁਨਿਆਦੀ</u>**

ਨਿਊ ਚੰਡੀਗੜ੍ਹ ਦੇ ਮਾਸਟਰ ਪਲੈਨ ਅਨੁਸਾਰ ਮੈਸਰਜ ਮਨੋਹਰ ਇਨਫਰਾਸਟ੍ਰਕਚਰ ਅਤੇ ਕੰਸਟ੍ਰਕਸ਼ਨ ਪ੍ਰਾਈਵੇਟ ਲਿਮ. ਕੰਪਨੀ ਦੇ ਪ੍ਰੋਜੈਕਟ ਵਿੱਚ ਪੈਂਦੇ ਮੀਸਿੰਗ ਖਸਰਾ ਨੰਬਰ ਜੋ ਕਿ ਪਿੰਡ ਮਸਤਗੜ੍ਹ ਜਿਸਦਾ ਰਕਬਾ (0.6250 ਏਕੜ) ਕੁੱਲ ਰਕਬਾ 0.6250 ਏਕੜ, ਤਹਿਸੀਲ ਖਰੜ, ਜਿਲ੍ਹਾ ਐਸ.ਏ.ਐਸ. ਨਗਰ ਪ੍ਰਾਪਤੀ ਅਧੀਨ ਹੈ, ਦਾ ਅਵਾਰਡ ਮਿਤੀ 07.03.2024 ਨੂੰ ਸਮਾਂ 11:30 ਵਜੇ ਕਮੇਟੀ ਹਾਲ ਦੂਜੀ ਮੰਜਿਲ, ਪੁੱਡਾ ਭਵਨ, ਸੈਕਟਰ-62, ਐਸ.ਐਸ.ਏ. ਨਗਰ ਵਿਖੇ ਸੁਣਾਇਆ ਜਾਣਾ ਹੈ। ਇਸ ਲਈ ਇਸ ਪਿੰਡ ਦੇ ਸਬੰਧਤ ਭੌਂ ਮਾਲਕਾਂ/ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਮਿਤੀ ਅਤੇ ਸਮੇਂ ਤੇ ਉਪਰੋਕਤ ਥਾਂ ਤੇ ਅਵਾਰਡ ਸੁਣਾਉਣ ਸਮੇਂ ਹਾਜਰ ਹੋਣ।

**ਸਥਾਨ: ਐਸ.ਏ.ਐਸ. ਨਗਰ**

**ਮਿਤੀ:** 04.03.2024.

**ਭੌਂ ਪ੍ਰਾਪਤੀ ਕੁਲੈਕਟਰ**

**ਪਿ.ਅ.ਨੰ: ਐਮ.ਏ/ਐਲ.ਏ.ਸੀ/2024/** 43865 **ਮਿਤੀ:** 4/3/24

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਆਮ ਜਨਤਾ ਨੂੰ ਅਵਾਰਡ ਸੁਣਾਏ ਜਾਣ ਸਬੰਧੀ ਸਮਾਂ, ਸਥਾਨ ਅਤੇ ਮਿਤੀ, ਹਾਜਰ ਹੋਣ ਲਈ ਤਹਿਸੀਲਦਾਰ ਖਰੜ, ਜਿਲ੍ਹਾ ਐਸ.ਏ.ਐਸ. ਨਗਰ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਮੁਸਤਰੀ ਮੁਨੀਆਦੀ ਕਰਵਾਕੇ ਮੁਨਿਆਦੀ ਦੀ ਰਪਟ ਰੋਜਨਾਮਚੇ ਵਿਚ ਦਰਜ ਕਰਨ ਹਿੱਤ ਸਬੰਧਤ ਹਲਕਾ ਕਾਨੂੰਨਗੋ/ਪਟਵਾਰੀ ਪਿੰਡ ਮਸਤਗੜ੍ਹ, ਤਹਿਸੀਲ ਖਰੜ, ਜਿਲ੍ਹਾ ਐਸ.ਏ.ਐਸ. ਨਗਰ ਨੂੰ ਪਾਬੰਦ ਕੀਤਾ ਜਾਵੇ।

(2) ਸਰਪੰਚ/ਨੰਬਰਦਾਰ/ਚੌਕੀਦਾਰ ਪਿੰਡ ਮਸਤਗੜ੍ਹ, ਤਹਿਸੀਲ ਖਰੜ, ਜਿਲ੍ਹਾ ਐਸ.ਏ.ਐਸ. ਨਗਰ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

(3) ਸਿਸਟਮ ਮੈਨੇਜਰ ਗਮਾਡਾ/ਪੁੱਡਾ ਆਈ.ਟੀ.ਸੈਲ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਮੁਸਤਰੀ ਮੁਨਿਆਦੀ ਦੀ ਜਾਣਕਾਰੀ ਗਮਾਡਾ ਦੇ ਵੈਬਸਾਇਟ ਤੇ ਵੀ ਅਪਲੋਡ ਕੀਤੀ ਜਾਵੇ ਜੀ।

**ਭੌਂ ਪ੍ਰਾਪਤੀ ਕੁਲੈਕਟਰ**

Scanned with OKEN Scanner